**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਸੁਖਬੀਰ ਐਗਰੋ ਐਨਰਜ਼ੀ ਲਿਮਟਿਡ ਵੱਲੋਂ ਇੱਕ ਬਾਇਓਮਾਸ ਅਧਾਰਤਿ 18 ਮੈਗਾਵਾਟ ਦਾ ਪਾਵਰ ਪਲਾਂਟ ਪਿੰਡ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ ਲਗਾਉਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 18.10.2018 ਦੀ ਕਾਰਵਾਈ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਗੁਰਮੀਤ ਸਿੰਘ ਮੁਲਤਾਨੀ, ਪੀ.ਸੀ.ਐਸ,
   ਅਡੀਸ਼ਨਲ ਡਿਪਟੀ ਕਮਿਸ਼ਨਰ,
   ਫਿਰੋਜ਼ਪੁਰ ।

2. ਸ੍ਰੀ ਅਮਿਤ ਗੁਪਤਾ, ਪੀ.ਸੀ.ਐਸ,
   ਸਬ ਡਵੀਜ਼ਨਲ ਮੈਜਿਸਟਰੇਟ,
   ਫਿਰੋਜ਼ਪੁਰ ।

3. ਇੰਜ: ਪ੍ਰਦੀਪ ਬਾਲੂ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਫਰੀਦਕੋਟ ।

4. ਇੰਜ: ਪਰਵੀਨ ਕੁਮਾਰ ਸਲੂਜਾ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ।

ਵਾਤਾਵਰਨ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਮੈਸ: ਸੁਖਬੀਰ ਐਗਰੋ ਐਨਰਜ਼ੀ ਲਿਮਟਿਡ, ਪਿੰਡ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ ਵਲੋਂ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਂਸ ਲਈ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਮੈਸ: ਸੁਖਬੀਰ ਐਗਰੋ ਐਨਰਜ਼ੀ ਲਿਮਟਿਡ, ਵਲੋਂ ਪਿੰਡ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ ਵਿਖੇ ਇੱਕ ਬਾਇਓਮਾਸ ਅਧਾਰਿਤ 18 ਮੈਗਾਵਾਟ ਦਾ ਪਾਵਰ ਪਲਾਂਟ ਲਗਾਉਣ ਦੇ ਪ੍ਰਸਤਾਵ ਦੀ ਵਾਤਾਵਰਣ ਕਲੀਅਰੈਂਸ ਦੀ ਅਰਜ਼ੀ ਸਟੇਟ ਇਨਵਾਇਰਮੈਂਟ ਇਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਕੋਲ ਜਮਾਂ ਕਰਵਾਈ ਹੋਈ ਹੈ । ਇੰਡਸਟਰੀ ਦੀ ਅਰਜ਼ੀ ਵਾਚਣ ਤੋਂ ਬਾਅਦ, ਡਰਾਫਟ ਈ.ਆਈ.ਏ ਸਟੱਡੀ ਰਿਪੋਰਟ ਤਿਆਰ ਕਰਨ ਲਈ ਸੀਆ ਵਲੋਂ ਟਰਮਜ ਆਫ ਰੈਫਰੈਂਸ (ToRs ) ਜਾਰੀ ਕੀਤੇ ਹੋਏ ਹਨ । ਹੁਣ ਇੰਡਸਟਰੀ ਵਲੋਂ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14/09/2006 ਦੀ ਵਿਧੀ ਅਨੁਸਾਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਜਨਤਕ ਸੁਣਵਾਈ

ਕਰਵਾਉਣ ਲਈ ਡਰਾਫਟ ਈ.ਆਈ.ਏ ਸਟੱਡੀ ਰਿਪੋਰਟ ਜਮਾਂ ਕਰਵਾਈ ਹੈ । ਉਹਨਾਂ ਨੇ ਹਾਜਰ ਲੋਕਾਂ ਨੂੰ ਦੱਸਿਆ ਕਿ ਇਸ ਕਿਸਮ ਦੇ ਯੂਨਿਟ ਦੀ ਵਾਤਾਵਰਣ ਕਲੀਅਰੈਂਸ ਦੀ ਅਰਜ਼ੀ ਤੇ ਫੈਸਲਾ ਲੈਣ ਤੋਂ ਪਹਿਲਾਂ ਇੰਡਸਟਰੀ ਨੂੰ ਜਨਤਕ ਸੁਣਵਾਈ ਕਰਵਾਉਣੀ ਪੈਂਦੀ ਹੈ । ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਿਰੋਜ਼ਪੁਰ; ਜਿਲ੍ਹਾ ਪਰੀਸ਼ਦ ਫਿਰੋਜ਼ਪੁਰ; ਜਨਰਲ ਮੈਨੇਜਰ, ਜਿਲਾ ਉਦਯੋਗਿਕ ਕੇਂਦਰ, ਫਿਰੋਜ਼ਪੁਰ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ ਦਫਤਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਫਰੀਦਕੋਟ, ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਹਿੰਦੁਸਤਾਨ ਟਾਈਮਜ਼ (ਅੰਗਰੇਜੀ ਰੋਜਾਨਾ) ਅਜੀਤ ਅਤੇ ਸਪੋਕਸਮੈਨ (ਪੰਜਾਬੀ) ਵਿੱਚ ਮਿਤੀ 18.09.2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ। ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋਂ ਪਿੱਛੋਂ ਉਹਨਾਂ ਇੰਡਸਟਰੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਨਰਿੰਦਰ ਸਿੰਘ ਭੁੱਲਰ ਪ੍ਰੋਮੋਟਰ ਕੰਪਨੀ ਦੇ ਪ੍ਰਤੀਨਿਧੀ ਅਤੇ ਸ੍ਰੀ ਕੇ.ਕੇ. ਸਿਨਹਾ ਮੈਸ: ਐਸਐਮਐਸ ਇਨਵੋਕੇਅਰ ਲਿਮਟਡ, ਵਾਤਾਵਰਣ ਸਲਾਹਕਾਰ ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:-

## 1.0 ਭੂਮਿਕਾ

ਮੈਸ: ਸੁਖਬੀਰ ਐਗਰੋ ਐਨਰਜੀ ਲਿਮਟਿਡ ਨੇ ਐਗਰੋ ਬੇਸਡ ਪਾਵਰ ਪਲਾਂਟ 18 ਮੈਗਾਵਾਟ ਪ੍ਰਸਤਾਵ ਕੀਤਾ ਹੈ ਜੋ ਕਿ ਪਿੰਡ ਹਕੂਮਤ ਸਿੰਘ ਵਾਲਾ ਤਹਿਸੀਲ ਤੇ ਜ਼ਿਲਾ ਫਿਰੋਜ਼ਪੁਰ ਵਿਖੇ ਹੈ। ਇਸ ਪ੍ਰਸਤਾਵਿਤ ਪ੍ਰੋਜੈਕਟ ਵਾਸਤੇ ਝੋਨੇ ਦੀ ਪਰਾਲੀ ਕੱਚੇ ਮਾਲ ਵੱਜੋਂ ਵਰਤਿਆ ਜਾਵੇਗਾ .

**ਪ੍ਰੋਜੈਕਟ ਦੀਆਂ ਖਾਸ ਵਿਸ਼ੇਸ਼ਤਾਵਾਂ:**

| ਲੜੀਨੰ: | ਵੇਰਵੇ | **ਸੂਚਨਾ** |
|---|---|---|
| 1. | ਪ੍ਰੋਜੈਕਟ ਦਾ ਨਾਮ | 18 ਮੈਗਾਵਾਟ, ਬਾਇਓਮਾਸ ਬੇਸਡ ਥਰਮਲ ਪਾਵਰ ਪਲਾਂਟ ਵੱਲੋਂ ਮੈਸਰਜ ਸੁਖਬੀਰ ਐਗਰੋ ਐਨਰਜੀ ਲਿਮਟਿਡ |
| 2. | ਵਿਨਿਯਾਮਕ ਸੰਰਚਨਾ | 1(d ) ਥਰਮਲ ਪਾਵਰ ਪਲਾਂਟ EIA ਨੋਟੀਫਿਕੇਸ਼ਨ 2006 ਮੁਤਾਬਕ |

| | | |
|---|---|---|
| 3. | ਸ਼੍ਰੇਣੀ | 'B' ਸ਼੍ਰੇਣੀ (>15 MW ਬਾਇਓਮਾਸ ਈਂਧਣ ਅਧਾਰਿਤ ਪਲਾਂਟ) |
| 4. | ਸਪਰੱਥਾ | 1 X18 MW = 18 MW |
| 5. | Latitude | $30^0$51'43.0"N |
| 6. | Longitude | $74^0$49'50."E |
| 7. | ਨਜ਼ਦੀਕੀ ਰੇਲਵੇ ਸਟੇਸ਼ਨ | ਫਿਰੋਜ਼ਪੁਰ ਰੇਲਵੇ ਸਟੇਸ਼ਲ: 24 ਕਿਲੋਮੀਟਰ (NW) |
| 8. | ਨਜ਼ਦੀਕੀ ਹਵਾਈ ਅੱਡਾ | ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸਟਰੀ ਹਵਾਈ ਅੱਡਾ, ਅੰਮ੍ਰਿਤਸ਼ਰ 123 ਕਿਲੋਮੀਟਰ (NW) |
| 9. | ਨਜ਼ਦੀਕੀ ਕਸਬਾ/ਜਿਲਾ | ਫਿਰੋਜ਼ਪੁਰ 23 ਕਿਲੋਮੀਟਰ (NW) |
| 10. | ਨਜ਼ਦੀਕੀ ਜਲ ਸੰਸਥਾਨ / ਨਹਿਰ | ਇੰਦਰਾ ਗਾਂਧੀ ਨਹਿਰ : 1.0 ਕਿਲੋਮੀਟਰ (W) |
| 11. | ਈਕੋ-ਨਾਜੁਕ ਖੇਤਰ (ਰਾਸਟਰੀ ਪਾਰਕ, ਵਣਜੀਵ ਸੈਂਚੂਰੀ, ਬਾਇਓਸਫੀਅਰ ਰਿਜ਼ਰਵ, ਵਣਜੀਵ ਕੋਰੀਡਰੋ ਵਗੈਰਾ) | 10 ਕਿ.ਮੀ. ਦੇ ਅਧਿਐਨ ਵਿੱਚ ਨਹੀਂ ਹਨ । |
| 12. | ਮਨੁੱਖੀ ਊਰਜਾ | 200 ਸਿੱਧੇ ਤੋਰ ਤੇ ਅਤੇ 1500 ਅਸਿੱਧੇ ਤੋਰ ਤੇ |
| 13. | ਪ੍ਰੋਜੈਕਟ ਲਾਗਤ | 144.66 ਕਰੋੜ |
| 14. | ਲੋੜੀਂਦੀ ਜ਼ਮੀਨ | **ਵੇਰਵੇ** / **ਖੇਤਰ ਸਕੇਅਰ ਮੀ: ਵਿਚ**<br>ਬਿਲਡਿੰਗ ਭੂਮੀ: 19950<br>ਸੜਕ ਨਿਰਮਾਣ: 15000<br>ਹਰੀ ਪੱਟੀ (ਲਗਭਗ 33ਪ੍ਰਤੀਸ਼ਤ ਕੁਲ ਖੇਤਰ ਦਾ: 56700<br>ਬਾਇਓਮਾਸ ਭੰਡਾਰਨ: 50,500<br>ਖੁੱਲਾ ਖੇਤਰ: 29558.12<br>**ਕੁੱਲ ਖੇਤਰ**: **171708.12** |
| 15. | ਕੱਚੇ ਮਾਲ ਦੀ ਜਰੂਰਤ: | ਝੋਨੇ ਦੀ ਪਰਾਲੀ (ਬਾਇਓਮਾਸ) ਦੀ ਕੁਲ ਖਪਤ 1,41,912 ਮੀਟਰਿਕ ਟਨ ਸਾਲਾਨਾ ਕੱਚੇ ਮਾਲ ਵਜੋਂ ਹੋਵੇਗੀ, ਜਿਸ ਦੀ ਗਰੋਸ ਕੁੱਲ ਕੈਲੋਰਿਕ ਮੁੱਲ (GCV) 2800 Kcal/Kg ਦੀ ਹੈ । |
| 16. | ਲੋੜੀਂਦਾ ਜਲ | ਜਲ ਦੀ ਕੁੱਲ ਜਰੂਰਤ ਲਗਭਗ 225 ਕਿਊਬਿਕ ਮੀਟਰ/ਘੰਟਾ ਹੈ ਜਿਸ ਨੂੰ ਇੰਦਰਾ ਗਾਂਧੀ ਨਹਿਰ ਤੋਂ ਪ੍ਰਾਪਤ ਕੀਤਾ ਜਾਵੇਗਾ । |
| 17. | ਲੋੜੀਂਦੀ ਊਰਜ਼ਾ | 10 ਤੋਂ 11 × ਦਾ ਕੁੱਲ ਪਾਵਰ ਨਿਰਮਾਣ |

## 3.0 ਬੇਸਲਾਈਨ ਅਧਿਐਨ ਤੇ ਸਾਰ

ਵਿਆਪਕ ਹਵਾ, ਪਾਣੀ (ਜ਼ਮੀਨ ਤੇ ਸਤਾ), ਮਿੱਟੀ, ਸ਼ੋਰ, ਵਾਤਾਵਰਣ ਅਤੇ ਜੈਵ ਵਿਭਿੰਨਤਾ ਸਮੇਤ ਬੇਸਲਾਈਨ ਡਾਟਾ ਇਕੱਤਰ ਕਰਨ ਲਈ ਖੇਤਰ ਸਰਵੇਖਣ 1 ਮਾਰਚ 2018 ਤੋਂ 31 ਮਈ 2018 ਤੱਕ ਸ਼ੁਰੂ ਕੀਤਾ ਗਿਆ ਸੀ। ਇਕ ਆਮ ਸਮਾਜਕ ਆਰਥਿਕ ਸਰਵੇਖਣ ਵੀ ਇਸ ਸਮੇਂ ਮੌਜੂਦ ਪਿੰਡਾਂ ਵਿਚ 10 ਕਿ.ਮੀ. ਦੇ ਘੇਰੇ ਵਿਚ ਕੀਤਾ ਗਿਆ ਸੀ। ਪ੍ਰੋਜੈਕਟ ਸਾਈਟ ਅਤੇ 10 ਕਿਮੀ ਦੇ ਦਾਇਰੇ ਦਾ ਅਧਿਐਨ ਖੇਤਰ ਸਰਵੇ ਆਫ ਇੰਡੀਆ Toposheet No. 44J/9, 44 J/13, ਵਿਚ ਆਉਂਦਾ ਹੈ। ਅਧਿਐਨ ਖੇਤਰ ਵਿਚ ਖੇਤਰੀ ਸਰਵੇਖਣਾਂ ਨੂੰ ਸਹੀ ਸਚਾਈ ਅਤੇ ਰਿਮੋਟ ਸੈਂਸਿੰਗ ਡਾਟਾ ਵਧਾਉਣ ਦੇ ਉਦੇਸ਼ ਲਈ ਕਰਵਾਏ ਗਏ। ਇਸ ਉਦੇਸ਼ ਲਈ ਵੱਖ ਵੱਖ ਵਿਸ਼ੇਸ਼ਤਾਵਾਂ, ਜਿਵੇਂ ਭੂਮੀ ਵਿਸ਼ੇਸ਼ਤਾਵਾਂ, ਨਦੀਆਂ, ਜੰਗਲ ਅਤੇ ਬਨਸਪਤੀ ਦੀਆਂ ਕਿਸਮਾਂ ਦੇ ਆਧਾਰ ਤੇ ਦਰਜ ਕੀਤਾ ਗਿਆ ਹੈ । ਬੇਸਲਾਈਨ ਅਧਿਐਨ ਦੇ ਨਤੀਜੇ ਹੇਠਾਂ ਦਿੱਤੇ ਗਏ ਹਨ:

- ਕੋਈ ਰਾਸ਼ਟਰੀ ਪਾਰਕ, ਬਾਇਓਸਫੇਅਰ ਰਿਜਰਵ ਦਾ ਵਣਜੀਵ ਰੱਖ, ਅਧਿਐਨ ਖੇਤਰ ਵਿਚ ਹਾਜ਼ਰ ਨਹੀ।
- ਜੰਗਲ ਤੇ ਪ੍ਰਸਤਾਵਿਤ ਇਕਾਈ ਦੁਆਰਾ ਕੋਈ ਪ੍ਰਤੱਖ ਜਾਂ ਅਪ੍ਰਤੱਖ ਪ੍ਰਭਾਵ ਦੀ ਪਛਾਣ ਨਹੀ ਹੋਈ ਕਿਉਂਕਿ ਪ੍ਰਸਤਾਵਿਤ ਇਕਾਈ ਲਈ ਕਿਸੇ ਕਿਸਮ ਦੇ ਜੰਗਲ ਦੀ ਲੋੜ ਨਹੀ ਹੈ।
- ਭੁਗੋਲਿਕ ਤੌਰ ਤੇ ਪ੍ਰੋਜੈਕਟ ਸਾਈਟ ਭਾਰਤ ਦੇ ਸ੍ਰੇਜਮਿਕ ਜੋਨ ਮੈਪ ਅਨੁਸਾਰ ਸੁਰੱਖਿਅਤ ਖੇਤਰ ਤੇ ਸਥਿਤ ਹੈ
- ਪ੍ਰੋਜੈਕਟ ਸਾਈਟ ਤੋ ਕੋਈ ਵੀ ਮੌਸਮੀ ਝਰਨਾ ਵਾਲੀ ਨਦੀ ਨਹੀ ਲੰਘਦੀ।
- ਵਿਆਪਕ ਹਵਾ ਗੁਣਵੱਤਾ ਪ੍ਰੋਜੈਕਟ ਸਾਈਟ ਤੇ ਅਤੇ ਨਾਲ ਲੱਗਦੇ ਖੇਤਰ ਵਿਚ CPCB ਦੀ ਦੱਸੀ ਹੱਦ ਵਿਚ ਹੈ।
- ਇਸ ਖੇਤਰ ਦੀ ਜਲ ਗੁਣਵੱਤਾ ਵਧੀਆਂ ਅਤੇ ਹੱਦ ਵਿਚ ਹੈ।
- ਖੇਤਰ ਵਿਚ ਸਮਾਜਕ ਆਰਥਕ ਸਥਿਤੀ ਵਧੀਆ ਹੈ, ਜਿਥੇ ਕਿ ਸਾਫ ਸੁਥਰਾ ਅਤੇ ਸੁਰੱਖਿਅਤ ਪਾਣੀ ਦੀ ਸਪਲਾਈ ਹੈ ਆਮ ਤੌਰ ਤੇ ਪਾਣੀ ਤੋਂ ਪੈਦਾ ਹੋਣ ਵਾਲੀ ਕਿਸੇ ਕਿਸਮ ਦੀ ਬਿਮਾਰੀ ਦੀ ਸਭਾਵ**ਨਾ** ਨਹੀ ਹੈ।
- ਲਗਭਗ ਸਭ ਪਿੰਡਾਂ ਵਿਚ, ਜਿਥੇ ਵੀ ਉਚਿਤ ਬਿਜਲੀਕਰਨ, ਉਚਿਤ ਜਲਨਿਕਾਸੀ ਸੁਵਿਧਾ ਦੇ ਨਾਲ ਉਪਲਭਧ ਹੈ ।

## 4.0 ਵਾਤਾਵਰਣ ਪ੍ਰਬੰਧਨ ਯੋਜਨਾ (ਈ.ਐਮ.ਪੀ)

ਕਈ ਪ੍ਰਦੂਸ਼ਣ ਕੰਟਰੋਲ ਕਰਨ ਵਾਲੇ ਉਪਕਰਣ ਤੇ ਉਪਾਅ ਇਸ ਪ੍ਰੋਜੈਕਟ ਦਾ ਅਹਿਮ ਹਿੱਸਾ ਹਨ ਅਤੇ ਪ੍ਰੋਜੈਕਟ ਕੰਪੋਨੈਂਟ ਜਿਵੇਂ ESP, ਬੈਗ ਫਿਲਟਰ, ਸਟੈਕ, ਅਤੇ ਪ੍ਰਵਾਹ ਉਪਚਾਰ ਯੰਤਰ ਆਦਿ ਨਾਲ ਸ਼ਾਮਲ ਹਨ। ਇਸ ਤੋਂ ਇਲਾਵਾ ਹੋਰ ਪ੍ਰਦੂਸ਼ਣ ਪ੍ਰਬੰਧਨ ਉਪਾਅ ਤੇ ਪ੍ਰਬੰਧਨ ਯੋਜਨਾਵਾਂ ਪਲਾਟ ਈਕੋਪੱਖੀ ਤਰੀਕੇ ਨਾਲ ਚਲਾਉਣ ਲਈ ਜ਼ਰੂਰੀ ਹਨ। ਇਸੇ ਦਾ ਸੰਖੇਪ ਹੇਠਾਂ ਦਿੱਤਾ ਗਿਆ ਹੈ:

### 4.1 ਹਵਾ ਪ੍ਰਦੂਸ਼ਣ ਬਚਾਓ ਅਤੇ ਪ੍ਰਬੰਧਨ

i. ਇਲੈਕਟਰੋਸਟੈਟਿਕ ਪ੍ਰੈਸੀਪੀਟੇਟਰ (ਈ.ਐਸ.ਪੀ)/ਬੈਗ ਫਿਲਟਰ ਹਵਾ ਪ੍ਰਦੂਸ਼ਣ ਯੰਤਰ ਦੇ ਤੋਰ ਤੇ ਪ੍ਰਸਤਾਵਿਤ ਕੀਤਾ ਗਿਆ ਹੈ ।

ii. 70 ਮੀਟਰ ਉਚਾਈ ਵਾਲੀ ਚਿਮਨੀ ਪ੍ਰਸਤਾਵਿਤ ਕੀਤੀ ਗਈ ਹੈ ।

iii. ਬੰਦ ਕੰਟੇਨਰਾਂ /ਟਰੱਕਾਂ ਵਿਚ ਉਸਾਰੀ ਸਮੱਗਰੀ ਦੀ ਆਵਾਜਾਈ

iv. ਸੜਕਾਂ ਤੇ ਆਵਾਜਾਈ ਦੇ ਨਾਲ ਸਾਰੀ ਹੀ ਨਿਰਮਾਣ ਥਾਂ ਤੇ ਨਿਯਮਿਤ ਤੌਰ ਤੇ ਪਾਣੀ ਦਾ ਛਿੜਕਾਓ।

v. ਪ੍ਰੋਜੈਕਟ ਸਾਈਟ ਵਿਚ ਅਤੇ ਦੁਆਲੇ ਸੰਘਣੀ ਹਰੀ ਪੱਟੀ ਦਾ ਵਿਕਾਸ।

vi. ਵਾਹਨਾਂ ਦਾ ਰੱਖ ਰਖਾਓ ਅਤੇ PUC ਸਰਟੀਫਿਕੇਟ ਯਕੀਨੀ ਬਣਾਓਣਾ।

vii. ਖੁਦਾਈ ਸਮੱਗਰੀ ਦਾ ਭੰਡਾਰਨ ਤਾਂ ਜੋ ਇਹ ਚੱਲਦੀ ਹਵਾ ਵਿਚ ਸਿੱਧੇ ਸੰਪਰਕ ਵਿਚ ਨਾ ਆਵੇ।

viii. ਉਸਾਰੀ ਸਰਗਰਮੀਆਂ ਕੇਵਲ ਦਿਨ ਸਮੇਂ ਦੌਰਾਨ ਹੀ ਹੋਣਗੀਆਂ।

ix. ਵਾਹਨਾਂ ਦੀ ਆਵਾਜਾਈ ਦੇ ਕਾਰਨ ਹਾਨੀਕਾਰਕ ਧੂੜ ਨੂੰ ਘੱਟ ਕਰਨ ਲਈ ਸੜਕਾਂ ਨੂੰ ਕੰਕਰੀਟ ਦਾ ਕੀਤਾ ਜਾਵੇਗਾ।

x. ਇਕ ਧੂੜ ਨੂੰ ਕੰਟਰੋਲ ਕਰਨ ਦੀ ਯੋਜਨਾ ਨੂੰ ਲਾਗੂ ਕੀਤਾ ਜਾਵੇਗਾ, ਪ੍ਰੋਜੈਕਟ ਸਾਈਟ ਦੇ ਸੜਕ ਅਤੇ ਪੈਰੀਫੇਰੀ ਅਤੇ ਪ੍ਰੋਜੈਕਟ ਸਾਈਟ ਵਿਚ ਧੂੜ ਭਰੇ ਖੇਤਰ ਵਿਚ ਰੋਜ਼ਾਨਾਂ ਆਧਾਰ ਤੇ ਪਾਣੀ ਦਾ ਛਿੜਕਾਅ ਹੋਵੇਗਾ।

4.2 <u>ਸ਼ੋਰ ਪ੍ਰਦੂਸ਼ਣ ਬਚਾਓ ਅਤੇ ਪ੍ਰਬੰਧਨ</u>

i. ਮਸ਼ੀਨ /ਸਾਜ਼ੋ ਸਮਾਨ ਦੇ ਨਿਰਮਾਤਾ ਅਤੇ ਸਪਲਾਇਰ ਨੂੰ ਇਹ ਯਕੀਨੀ ਬਣਾਉਣ ਲਈ ਚੁਣਿਆ ਜਾਵੇਗਾ ਕਿ ਇਹ ਮਸ਼ੀਨ/ ਸਾਜ਼ੋ ਸਮਾਨ ਲੋੜੀਂਦਾ ਸ਼ੋਰ /ਵਾਈਬਰੇਸ਼ਨ ਸਟੈਂਡਰਡ ਨੂੰ ਪੂਰਾ ਕਰਦਾ ਹਵੇਗਾ।

ii. ਉੱਚ ਸ਼ੋਰ ਦੇ ਖੇਤਰਾਂ ਵਿਚ ਕੰਮ ਕਰ ਰਹੇ ਉਪਰੇਟਰਾਂ ਨੂੰ ਕੰਨ ਮਫਜ਼ / ਈਅਰ ਪਲੱਗ ਪ੍ਰਦਾਨ ਕੀਤੇ ਜਾਣਗੇ।

iii. ਲੋੜ ਪੈਣ ਤੇ ਧੁਨੀ ਲੈਗਿੰਗਜ਼ ਅਤੇ ਸਾਈਲੈਂਸਰ ਪ੍ਰਦਾਨ ਕੀਤੇ ਜਾਣਗੇ।

iv. ਕੱਚੇ ਮਾਲ ਅਤੇ ਫਾਈਨਲ ਉਤਪਾਦ ਦੀ ਆਵਾਜਾਈ ਕੇਵਲ ਦਿਨ ਸਮੇ ਹੀ ਯਕੀਨੀ ਬਣਾਈ ਜਾਵੇਗੀ।

v. ਸਹੀ ਹਰੀ ਪੱਟੀ ਨੂੰ ਵਿਕਸਤ ਕੀਤਾ ਜਾਵੇਗਾ ਜੋ ਸ਼ੋਰ ਪੱਧਰ ਨੂੰ ਘਟਾਉਣ ਵਿਚ ਮਦਦ ਕਰੇਗੀ।

vi. ਵੱਖ ਵੱਖ ਭਾਫ ਲਾਈਨਾਂ, ਕੰਪ੍ਰੈਸਡ ਹਵਾ ਲਾਈਨਾਂ ਅਤੇ ਹੋਰ ਉਚ ਦਬਾਓ ਵਾਲੇ ਸਾਜੋ ਸਮਾਨ ਤੋਂ ਉਤਪੰਨ ਲੀਕੇਜ਼ ਦੇ ਸ਼ੋਰ ਪੱਧਰ ਨੂੰ ਘਟਾਇਆ ਜਾਵੇਗਾ।

vii. ਕੰਪਨ ਦੇ ਝੁਕਾਓ ਤੋਂ ਬਚਣ ਲਈ ਵੱਖ ਵੱਖ ਥਾਵਾਂ ਤੇ ਪੈਡਿੰਗ ਕੀਤੀ ਜਾਵੇਗੀ।

viii. ਹਵਾ ਕੰਪ੍ਰੈਸਰ/ ਹਵਾ ਬਲੋਅਰ, ਨੂੰ ਅਕੋਸਟਿਕ ਐਨਕਲੋਜ਼ਰ ਪ੍ਰਦਾਨ ਕੀਤਾ ਜਾਵੇਗਾ।

ix. ਸਭ ਘੁੰਮਣਦਾਰ ਉਪਕਰਨ ਚੰਗੀ ਤਰਾਂ ਲੁਬਰੀਕੇਂਟ ਕੀਤੇ ਜਾਣਗੇ ਅਤੇ ਬਕਸ ਲਗਾਏ ਜਾਣਗੇ ਤਾਂ ਜੋ ਸ਼ੋਰ ਵਾਧਾ ਰੋਕਿਆ ਜਾ ਸਕੇ।ਖਾਸ ਕੰਪਨ ਨਿਗਰਾਨੀ ਪ੍ਰਣਾਲੀ, ਕੰਪਨ ਨੂੰ ਘੱਟ ਕਰਨ ਤੇ ਪਰਖਣ ਲਈ ਪ੍ਰਦਾਨ ਕੀਤੀ ਜਾਵੇਗੀ। ਜਿਥੇ ਵੀ ਸੰਭਵ ਹੋਇਆ ਸ਼ੋਰ ਅਤੇ ਕੰਪਨ ਨੂੰ ਘੱਟ ਕਰਨ ਲਈ ਕੰਪਨ ਆਈਸੋਲੇਟਰ ਵੀ ਪ੍ਰਦਾਨ ਕੀਤੇ ਜਾਣਗੇ।

4.3 ਜਲ ਸੰਭਾਲ ਅਤੇ ਪ੍ਰਦੂਸ਼ਣ ਕੰਟਰੋਲ

i. ਨਜ਼ਦੀਕੀ ਨਹਿਰ ਦੇ ਪਾਣੀ ਨੂੰ ਪਾਈਪ ਰਾਹੀ ਕੱਚੇ ਪਾਣੀ ਦੇ ਭੰਡਾਰ ਵਿਚ ਜਮਾਂ ਕੀਤਾ ਜਾਵੇਗਾ।

ii. ਬਰਸਾਤੀ ਜਲ ਅਤੇ ਗੰਦੇ ਪਾਣੀ ਲਈ ਅਲੱਗ-ਅਲੱਗ ਨਿਕਾਸੀ ਪ੍ਰਣਾਲੀ ਵਿਕਸਿਤ ਕੀਤੀ ਜਾਵੇਗੀ ।

iii. ਪੋਦੇ ਲਾਉਣ ਲਈ ਸਾਫ ਕੀਤੇ ਹੋਏ ਪਾਣੀ ਦੀ ਵਰਤੋਂ ਕੀਤੀ ਜਾਵੇਗੀ ।

iv. ਧਰਤੀ ਹੇਠਲਾ ਪਾਣੀ ਨਹੀ਼ ਕੱਢਿਆ ਜਾਵੇਗਾ ਕਿਉਂਕਿ ਲੋੜੀਂਦੇ ਪਾਣੀ ਦੀ ਨਹਿਰ ਤੋਂ ਲਿਆ ਜਾਵੇਗਾ ।

v. ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ।

vi. ਰੇਨ ਵਾਟਰ ਹਾਰਵੈਸਟਿੰਗ ਦੇ ਹੋਰ ਤਰੀਕੇ ਅਪਣਾਏ ਜਾਣਗੇ ।

vii. ਐਫਲਿਊਟਸ ਟਰੀਟਮੈਂਟ ਪਲਾਂਟ ਅਤੇ ਪਾਣੀ ਟਰੀਟਮੈਂਟ ਪਲਾਟਾਂ ਨੂੰ ਐਫਲੂਐਂਟ ਅਤੇ ਗੰਦਾ ਜਲ ਪ੍ਰਬੰਧਨ ਲਈ ਪ੍ਰਸਤਾਵਿਤ ਕੀਤਾ ਗਿਆ ਹੈ ।

4.4 ਠੋਸ ਅਤੇ ਖਤਰਨਾਕ ਕਚਰਾ ਪ੍ਰਬੰਧਨ

i. ਉਸਾਰੀ ਦੀ ਰਹਿੰਦ ਖੂੰਹਦ ਨੂੰ ਕੰਸਟ੍ਰਕਸ਼ਨ ਐਂਡ ਡਿਮੋਲਿਸ਼ਨ ਵੇਸਟ ਮੈਨੇਜਮੈਂਟ ਐਕਟ 2016 ਅਨੁਸਾਰ ਪ੍ਰਬੰਧਨ ਕੀਤਾ ਜਾਵੇਗਾ ।

ii. ਮਿਉਂਸੀਪਲ ਠੋਸ ਕੂੜੇ ਨੂੰ ਵੱਖਰੇ ਤੌਰ ਤੇ ਸਟੋਰ ਕੀਤਾ ਜਾਵੇਗਾ।

iii. ਜੈਵਿਕ ਕਚਰਾ, ਵਰਮੀਕੰਪੋਸਟ/ਕੰਪੋਸਟਿੰਗ ਦੁਆਰਾ ਪ੍ਰਬੰਧਨ ਕੀਤਾ ਜਾਵੇਗਾ।

iv. ਅਜੈਵਿਕ ਕਚਰਾ ਵੱਖਰੇ ਤੌਰ ਤੇ ਜਮਾ ਕੀਤਾ ਜਾਵੇਗਾ ਅਤੇ ਅਧਿਕਾਰਤ ਏਜੰਸੀਆਂ ਨੂੰ ਭੇਜਿਆ ਜਾਵੇਗਾ।

v. ਕੱਚਰੇ ਦੀ ਸੰਭਾਲ ਇਸ ਤਰੀਕੇ ਨਾਲ ਕੀਤੀ ਜਾਵੇਗੀ ਤਾਂ ਜ਼ੋ ਨਜਿੰਠਣ ਸਮੇਂ ਉਸਦੀ ਮਾਤਰਾ ਨਾ ਘਟੇ ।

vi. ਬਾਇਓਮੈਡੀਕਲ ਕਚਰੇ ਦਾ ਪ੍ਰਬੰਧਨ ਨਿਊ ਬਾਇਓਮੈਡੀਕਲ ਵੇਸਟ ਮੈਨੇਜਮੈਂਟ 2016 ਅਨੁਸਾਰ ਕੀਤਾ ਜਾਵੇਗਾ ।

vii. ਈਵੇਸਟ ਮੈਨੇਜਮੈਂਟ ਰੂਲ 2016 ਦੇ ਅਨੁਸਾਰ ਇਲੈਕਟਰੋਨਿਕ ਕਚਰਾ ਦਾ ਪ੍ਰਬੰਧਨ ਕੀਤਾ ਜਾਵੇਗਾ ।

viii. ਖਤਰਨਾਕ ਕਚਰੇ ਤੇ ਹੋਰ ਕਚਰਾ (ਮੈਨਜਮੈਂਟ ਐਂਡ ਟਰਾਂਸਬਾਊਡਰੀ ਮੂਵਮੈਂਟ) ਨਿਯਮ 2016 ਅਨੁਸਾਰ ਖਤਰਨਾਕ ਕੱਚਰੇ ਦਾ ਪ੍ਰਬੰਧਨ ਕੀਤਾ ਜਾਵੇਗਾ ।

ix. ਆਪਰੇਸ਼ਨ ਦੇ ਦੌਰਾਨ, ਸਾਲਾਨਾ ਸੁਆਹ ਨਿਰਮਾਣ 19800 ਮੀਟਰਿਕ ਟਨ ਭੱਠੀ ਦੇ ਥੱਲੇ (ਤਲਾਂ ਦੀ ਸੁਆਹ ) ਤੋਂ ਇਕਠੀ ਕੀਤੀ ਗਈ ਰਾਖ਼ ਅਤੇ ਏਅਰ ਹੀਟਰ ਹੋਪਰਸ਼ ਅਤੇ ESP ਹੋਪਰਸ ਵਿਚ ਇਕੱਠੀ ਕੀਤੀ ਸੁਆਹ, ਹਵਾਦਾਰ ਸੰਚਾਰ ਪ੍ਰਣਾਲੀ ਦਆਰਾ ਸੁਆਹ ਸਾਇਲਾਂ ਵਿਚ ਲਿਜਾਈ ਜਾਵੇਗੀ । ਸਾਇਲਾਂ ਵਾਲੀ ਸੁਆਹ ਕਿਸਾਨਾਂ ਨੂੰ ਖਾਦ ਦੇ ਰੂਪ ਵਿਚ ਫਸਲਾਂ ਲਈ ਦਿੱਤੀ ਜਾਵੇਗੀ ਅਤੇ ਸਥਾਨਕ ਉਦਯੋਗ ਇਹ ਸੁਆਹ ਇੱਟਾਂ ਦੇ ਨਿਰਮਾਣ ਲਈ ਵਰਤ ਸਕਦਾ ਹੈ।

4.5 ਵਿਵਸਾਇਕ ਸਿਹਤ ਤੇ ਸੁਰੱਖਿਆ ਪ੍ਰਬੰਧਨ

i. ਪਲਾਂਟ ਤੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਬਚਾਓ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ ।

ii. ਮਾਲਕੀ ਪ੍ਰਬੰਧਨ ਵਿੱਚ ਲੱਗੇ ਕਰਮਚਾਰੀਆਂ ਦੀ ਨਿਯਮਤ ਸਿਹਤ ਪ੍ਰੀਖਿਆ ਹੋਵੇਗੀ ।

iii. ਸਮਾਨ, ਉਪਕਰਣਾਂ ਦੀ ਸੰਭਾਲ ਕਰਨ ਲਈ ਸਹੀ ਸਿਖਲਾਈ ਅਤੇ ਹਦਾਇਤ ਕੀਤੀ ਜਾਵੇਗੀ ।

iv. ਕੰਮ ਦੀਆਂ ਸਾਰੀਆਂ ਕਾਰਵਾਈਆਂ ਅਤੇ ਤਰੀਕਿਆਂ ਨੂੰ ਨਿਯਮਿਤ ਸਮੀਖਿਆ ਤੇ ਤਹਿਤ ਵਾਚਿਆ ਜਾਵੇਗਾ

v. ਫਸਟ ਏਡ, ਕੰਮ ਤੇ ਸੱਟਾਂ ਅਤੇ ਬਿਮਾਰੀ ਦੇ ਤੁਰੰਤ ਇਲਾਜ਼ ਲਈ ਠੀਕ ਸਹੂਲਤਾਂ ਪ੍ਰਦਾਨ ਕਰਵਾਈਆਂ ਜਾਣਗੀਆਂ ।

vi. ਆਨਸਾਈਟ/ਆਫਸਾਈਟ ਐਮਰਜੰਸੀ ਐਕਸ਼ਨ ਪਲਾਨ ਤਿਆਰ ਅਤੇ ਲਾਗੂ ਕੀਤੇ ਜਾਣਗੇ ।

## 4.6 ਹਰੀ ਪੱਟੀ ਵਿਕਾਸ ਯੋਜਨਾ

ਪਲਾਟ ਸੀਮਾ ਦੇ ਨਾਲ 3 ਤੋਂ 5 ਮੀਟਰ ਦੀ ਚੌੜਾਈ ਲਈ ਸਥਾਨਕ ਵਾਤਾਵਰਣ ਦੇ ਅਨੁਕੂਲ ਪੌਦਿਆਂ ਦੀਆਂ ਕਿਸਮਾਂ ਦੀ ਵਰਤੋਂ ਕਰਕੇ ਗਰੀਨ ਬੈਲਟ ਵਿਕਸਤ ਕੀਤਾ ਜਾਏਗਾ। ਕੁੱਲ 33% ਕੁੱਲ ਪਲਾਟ ਖੇਤਰ ਹਰੀ ਪੱਟੀ ਦੇ ਵਿਕਾਸ ਲਈ ਸੁਰੱਖਿਅਤ ਕੀਤਾ ਜਾਵੇਗਾ। ਪੋਦਿਆਂ ਦੀ ਪ੍ਰਜਾਤੀਆਂ ਦੀਆਂ ਕਿਸਮਾਂ ਭੌਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਅਤੇ ਹੋਰ ਸਬੰਧਤ ਪਹਿਲੂਆਂ ਨੂੰ ਸ਼ੋਰ, ਗੰਧ, ਤੇ ਧੂੜ ਆਦਿ ਦੇ ਪ੍ਰਭਾਵ ਦੇ ਕਾਰਨ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਚੁਣਿਆ ਜਾਵੇਗਾ।

## 5.0 ਵਾਤਾਵਰਨ ਪ੍ਰਬੰਧਨ ਯੋਜਨਾ ਦੀ ਲਾਗਤ:

EMP ਦੀ ਅਨੁਮਾਨਤ ਲਾਗਤ 125.0 ਲੱਖ ਪੂੰਜੀ ਨਿਵੇਸ਼ ਵੱਲ ਅਤੇ ਲਗਭਗ 60.0 ਲੱਖ ਰੁਪਏ ਸਾਲਾਨਾ ਆਵਰਤੀ ਲਾਗਤ ਹੋਵੇਗੀ। ਈ.ਐਮ.ਪੀ. ਦੇ ਅਧੀਨ ਰੱਖੇ ਗਏ ਬਜ਼ਟ ਦੀ ਵੰਡ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵੇਰਵੇ | ਰਕਮ (ਲੱਖਾਂ ਵਿਚ) |
|---|---|---|
| ਬਜਟ ਵੰਡ | | |
| 1 | ਹਰੀ ਪੱਟੀ ਵਿਕਾਸ | 10.0 |
| 2 | ਠੋਸ ਅਤੇ ਖਤਰਨਾਕ ਕਚਰਾ ਪ੍ਰਬੰਧਨ | 20.0 |
| 3 | ਜਲ ਤੇ ਗੰਦਾ ਜਲ ਪ੍ਰਬੰਧਨ | 20.0 |
| 4 | ਵਾਯੂ ਪ੍ਰਦੂਸ਼ਨ ਪ੍ਰਬੰਧਨ ਯਾਂਤਰਿਕ ਸਹਿਤ | 30.0 |
| 5 | ਵਿਵਸਾਇਕ ਸਿਹਤ ਤੇ ਸੁਰੱਖਿਆ | 25.0 |
| 6 | RWH ਤੇ ਹੋਰ ਫੁਟਕਲ ਲਾਗਤ | 20.0 |
| ਕੁੱਲ | | 125.0 |
| ਆਵਰਤੀ ਲਾਗਤ | | |
| ਲੜੀ ਨੰ: | ਵੇਰਵੇ | ਰਕਮ(ਰੁਪਏ ਲੱਖਾਂ ਵਿਚ /ਸਾਲ) |
| 1 | ਹਰੀ ਪੱਟੀ ਵਿਕਾਸ | 2.0 |
| 2 | ਪਰਿਆਵਰਣ ਨਿਗਰਾਨੀ | 3.0 |
| 3 | ਠੋਸ ਅਤੇ ਖਤਰਨਾਕ ਕਚਰਾ ਪ੍ਰਬੰਧਨ | 25.0 |
| 4 | ਜਲ ਤੇ ਗੰਦਾ ਜਲ ਪ੍ਰਬੰਧਨ | 5.0 |
| 5 | ਵਾਯੂ ਪ੍ਰਦੂਸ਼ਨ ਪ੍ਰਬੰਧਨ | 15.0 |

| | | |
|---|---|---|
| 6 | ਵਿਵਸਾਇਕ ਸਿਹਤ ਤੇ ਸੁਰੱਖਿਆ | 5.0 |
| 7 | RWH ਤੇ ਹੋਰ ਫੁਟਕਲ ਲਾਗਤ | 5.0 |
| ਕੁੱਲ | | 60 |

**6.0 ਕਾਰਪੋਰੇਟ ਵਾਤਾਵਰਣ ਜਿੰਮੇਵਾਰੀ :**

i. ਕਾਰਪੋਰੇਟ ਵਾਤਾਵਰਣ ਜਿੰਮੇਵਾਰੀ ਪ੍ਰਬੰਧਨ ਦੇ ਤੋਰ ਤੇ ਯੋਜ਼ਨਾ ਦਾ ਇੱਕ ਅਨਿਖੜਵਾਂ ਅੰਗ ਹੈ ।

ii. ਕੰਪਨੀ ਦੀ ਸੀਈਅਰ ਪਹਿਲਕਦਮੀ ਦੇ ਤਹਿਤ ਵਿਕਾਸ ਕਾਰਜਾਂ ਲਈ ਪ੍ਰੋਜੈਕਟ ਦੀ ਕੁਲ ਰਕਮ ਦਾ 0.75 ਪ੍ਰਤੀਸ਼ਤ ਪ੍ਰਾਪਤ ਕੀਤਾ ਹੈ ।

iii. ਕਰਮਚਾਰੀਆਂ ਲਈ ਨਿਯਮਤ ਸਿਹਤ ਜਾਂਚ, ਸਵੈ ਸਹਾਇਤਾ ਸਮੂਹ ਸਥਾਪਿਤ ਕਰਨ ਲਈ ਵਿੱਤੀ ਸਹਾਇਤਾ, ਵਿਦਿਅਕ ਸਹੂਲਤਾਂ ਦੇ ਵਿਕਾਸ ਲਈ ਸਹਾਇਤਾ, ਐਵੇਨਿਯੂ ਪਲਾਂਟੇਸ਼ਨ ਆਦਿ ਸੀਈਆਰ ਗਤੀਵਿਧੀਆਂ ਦੇ ਕੁਝ ਵਿਸੇਸ਼ਤਾਵਾਂ ਹਨ:-

**6.0 ਸਿੱਟਾ**

ਬਾਇਓਮਾਸ ਆਧਾਰਿਤ ਥਰਮਲ ਪਾਵਰ ਪਲਾਂਟ ਦੀ ਪ੍ਰਸਤਾਵਿਤ ਪ੍ਰੋਜੈਕਟ ਨਾ ਸਿਰਫ ਸਟੇਟ ਪਾਵਰ ਸਪਲਾਈ ਲਈ ਬਿਜਲੀ ਨੂੰ ਸ਼ਾਮਿਲ ਕਰੇਗਾ ਬਲਕਿ ਇਸਦੇ ਨਾਲ ਖੇਤਰ ਵਿਚ ਖੇਤੀਬਾੜੀ ਦੇ ਕੂੜੇ ਕਰਕਟ ਦੁਆਰਾ ਬਣਾਏ ਪ੍ਰਦੂਸ਼ਣ ਦੇ ਬੋਝ ਨੂੰ ਘਟਾਉਣ ਵਿਚ ਵੀ ਮਦਦ ਮਿਲੇਗੀ। ਸਿੱਧੇ ਅਸਿੱਧੇ ਤੌਰ ਤੇ ਰੁਜਗਾਰ ਪੈਦਾ ਕੀਤਾ ਜਾਵੇਗਾ, ਜੋ ਕਿ ਆਖਿਰਕਾਰ ਖੇਤਰ ਦੀ ਆਰਥਿਕ ਸਥਿਤੀ ਨੂੰ ਵਧਾਉਣ ਵਿਚ ਮਦਦ ਕਰੇਗਾ।

ਇਸ ਤੋਂ ਬਾਅਦ, ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਖੇਤਰੀ ਦਫਤਰ, ਐਸ.ਏ.ਐਸ ਨਗਰ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 (ਸਮੇਂ ਸਮੇਂ ਤੇ ਸੋਧੀ ਹੋਈ) ਦੇ ਮੁਤਾਬਿਕ, ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ। ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋਂ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋਂ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ। ਇਸ ਲਈ, ਉਹਨਾਂ ਲੋਕਾਂ ਨੂੰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋਂ ਬੋਰਡ ਨੂੰ ਨਹੀਂ ਮਿਲੇ ਹਨ।

ਇਸ ਤੋਂ ਪਿੱਛੋਂ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋਂ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਗੁਰਵਿੰਦਰ ਸਿੰਘ, ਵਾਸੀ ਪਿੰਡ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ | ਉਸ ਨੇ ਕਿਹਾ ਕਿ ਜਿੱਥੇ ਪਰਾਲੀ ਸਟੋਰ ਕਰਨੀ ਹੈ ਉਥੇ ਪ੍ਰਦੂਸ਼ਣ ਹੋਵੇਗਾ । ਉਸ ਨੇ ਅੱਗੇ ਕਿਹਾ ਕਿ ਪ੍ਰੋਜੈਕਟ ਦੇ ਚੱਲਣ ਤੋਂ ਬਾਅਦ ਇੱਥੇ ਸੁਆਹ ਦੀ ਸਮੱਸਿਆ ਹੋਵੇਗੀ । ਉਸ ਨੇ ਇਹ ਵੀ ਕਿਹਾ ਕਿ ਕੋਈ ਵੀ ਬੈਲਰ ਮਸੀਨ ਉਹਨਾਂ ਦੇ ਪਿੰਡ ਨੂੰ ਅਤੇ ਨੇੜੇ ਦੇ ਇਲਾਕੇ ਨੂੰ ਦਿੱਤੀ ਹੈ ਪ੍ਰੰਤੂ ਪਰਾਲੀ ਬਾਹਰਲੇ ਏਰੀਏ ਤੋਂ ਲਿਆਂਦੀ ਜਾ ਰਹੀ ਹੈ । ਬੈਲਰ ਮਸੀਨ ਮਾਲਕ 1000-1500 ਰੁਪਏ ਪ੍ਰਤੀ ਏਕੜ ਪਰਾਲੀ ਦੀਆਂ ਗੱਠਾਂ ਬਨਾਉਣ ਦਾ ਕਿਸਾਨਾਂ ਕੋਲੋ ਚਾਰਜ਼ ਕਰ ਰਹੇ ਹਨ । ਉਸ ਨੇ ਅੱਗੇ ਕਿਹਾ ਕਿ ਇਸ ਪ੍ਰੋਜੈਕਟ ਤੋ ਜਿਆਦ ਫਾਇਦਾ ਹੁੰਦਾ ਨਹੀਂ ਲਗਦਾ । ਉਸ ਨੇ ਦਬਾਰਾ ਫਿਰ ਕਿਹਾ ਕਿ ਉਹਨਾਂ ਦੇ ਪਿੰਡ ਨੂੰ ਕੋਈ ਵੀ ਬੈਲਰ ਮਸੀਨ ਨਹੀਂ ਦਿੱਤੀ ਅਤੇ ਉਸਨੇ ਖੇਤਾਂ ਵਿੱਚ ਆਲੂ ਲਾਉਣੇ ਹਨ ਅਤੇ ਜੇਕਰ | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਦਾ ਕੋਈ ਵੀ ਮੌਕਾ ਨਹੀਂ ਦੇਣਗੇ । ਈਐਸਪੀ ਅਤੇ ਬੈਗ ਫਿਲਟਰ ਬਤੌਰ ਹਵਾ ਪ੍ਰਦੂਸ਼ਣ ਯੰਤਰ ਬੁਆਇਲਰ ਨਾਲ ਲਗਾਏ ਜਾਣਗੇ ਤਾਂ ਜ਼ੋ ਸੁਆਹ ਦੀ ਸਮੱਸਿਆ ਨਾ ਹੋਵੇ । ਬੈਲਰ ਨੇੜੇ ਦੇ ਪਿੰਡਾਂ ਨੂੰ ਅੱਜ ਦਿੱਤੀਆਂ ਜਾਣਗੀਆਂ ਅਤੇ ਉਹ ਬੈਲਰ ਮਸੀਨਾਂ ਪ੍ਰੋਵਾਈਡ ਕਰਨ ਦਾ ਸਹੀ ਇੰਤਜਾਮ ਕਰਕੇ ਹੀ ਇਸ ਸਾਈਟ ਨੂੰ ਛੱਡੇਗਾ । ਬੈਲਰ ਮਸੀਨ ਮਾਲਕ ਵੀ ਕਿਸਾਨ ਹੀ ਹਨ ਉਹਨਾਂ ਨੇ ਆਮਦਨ ਵਧਾਉਣ ਲਈ ਇਲਾਕੇ ਤੋਂ ਦੂਰ ਕੰਮ ਸੁਰੂ ਕੀਤਾ ਹੈ ਤਾਂ ਕਿਉਕਿ ਉਹਨਾਂ ਵਲੋਂ ਇਸ ਬੈਲਰ ਮਸੀਨ ਅਤੇ ਇਸ ਦੇ ਨਾਲ ਸੰਬੰਧਿਤ ਹੋਰ ਮਸੀਨਰੀ ਉਪਰ ਰਕਮ ਖਰਚ ਕੀਤੀ ਹੈ ਤਾਂ ਕਿ ਉਹ ਇਸ ਰਕਮ ਨੂੰ ਵਾਪਸ ਪ੍ਰਾਪਤ ਕਰ ਸਕਣ । ਉਸਨੇ ਅੱਗੇ ਕਿਹਾ ਕਿ ਕੰਪਨੀ ਦਾ ਪਿੰਡ ਚੰਨੂੰ ਵਿਖੇ ਇਹੋ ਜਿਹਾ |

| | | | |
|---|---|---|---|
| | | ਇੰਡਸਟਰੀ ਵਲੋਂ ਬੈਲਰ ਨਾ ਦਿੱਤਾ ਤਾਂ ਉਹ ਆਲੂ ਲਗਾਉਣ ਲਈ ਮਜਬੂਰਨ ਪਰਾਲੀ ਨੂੰ ਅੱਗ ਲਗਾ ਦੇਵੇਗਾ ਕਿਉਕਿ ਆਲੂ ਲਗਾਉਣ ਦਾ ਸਮਾਂ ਲੰਘਦਾ ਜਾਂਦਾ ਹੈ । ਉਸ ਨੇ ਮੰਗ ਕੀਤੀ ਕਿ ਇੰਡਸਟਰੀ ਨੂੰ ਇਸ ਸਮੱਸਿਆ ਦਾ ਹੱਲ ਤੁਰੰਤ ਕੱਢਣਾ ਚਾਹੀਦਾ ਹੈ । | ਪ੍ਰੋਜੈਕਟ ਹੈ ਜਿੱਥੇ ਕਿਸਾਨਾਂ ਵਲੋਂ 15 ਕਿਲੋਮੀਟਰ ਦੇ ਏਰੀਏ ਵਿੱਚ ਕਦੇ ਅੱਗ ਨਹੀਂ ਲਗਾਈ । |
| 2 | ਸ੍ਰੀ ਮਨਜਿੰਦਰ ਪਾਲ ਸਿੰਘ, ਵਾਸੀ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ | ਉਸ ਨੇ ਕਿਹਾ ਕਿ ਉਸ ਦੇ ਘਰ ਪ੍ਰੋਜੈਕਟ ਤੋਂ 150-200 ਫੁੱਟ ਦੂਰ ਹੈ ਅਤੇ ਉਹ ਜਾਨਣਾ ਚਾਹੁੰਦਾ ਹੈ ਕਿ ਹਵਾ ਅਤੇ ਸ਼ੋਰ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕਿਹੜੇ ਉਪਾਅ ਕੀਤੇ ਜਾਣਗੇ? | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਇੱਥੇ ਹਵਾ ਦਾ ਕੋਈ ਪ੍ਰਦੂਸ਼ਣ ਨਹੀਂ ਹੋਵੇਗਾ ਕਿਉਂਕਿ ਹਵਾ ਪ੍ਰਦੂਸਣ ਨੂੰ ਕੰਟਰੋਲ ਕਰਨ ਲਈ ਨਵੀਂ ਤਕਨੀਕ ਦਾ ਇਲੈਕਟਰੋਸਟੈਟਿਕ ਪਰੀਸੀਪੀਟੇਟਰ (ਈਐਸਪੀ) ਸਮੇਤ ਬੈਗ ਫਿਲਟਰ ਲਗਾਇਆ ਜਾਵੇਗਾ ਅਤੇ ਇਹ ਉਪਕਰਨ ਅਸਰਦਾਰ ਤਰੀਕੇ ਨਾਲ ਕੰਮ ਕਰੇਗਾ ਜ਼ੋ ਹਵਾ ਵਿੱਚੋਂ ਛੋਟੇ ਛੋਟੇ ਕਣਾਂ ਨੂੰ ਵੀ ਬਾਹਰ ਨਹੀਂ ਜਾਣ ਦੇਵੇਗਾ । ਉਸਨੇ ਇਹ ਵੀ ਦੱਸਿਆ ਕਿ ਪ੍ਰੋਜੈਕਟ ਤੋਂ ਕੋਈ ਵੀ ਸ਼ੋਰ ਪ੍ਰਦੂਸ਼ਣ ਨਹੀਂ ਹੋਵੇਗਾ ਕਿਉਂਕਿ ਪ੍ਰੋਜੈਕਟ ਵਿੱਚ ਅਜਿਹੀ ਕੋਈ ਵੀ ਮਸੀਨਰੀ ਨਹੀਂ ਲਗਾਈ ਜਾਵੇਗੀ ਜ਼ੋ |

| | | | |
|---|---|---|---|
| | | | ਕਿ ਸ਼ੋਰ ਪ੍ਰਦੂਸ਼ਣ ਕਰਦੀ ਹੋਵੇ । |
| 3 | ਸ੍ਰੀ ਅਮਰਜੀਤ ਸਿੰਘ, ਵਾਸੀ ਸਲਹਾਣੀ, ਤਹਿਸੀਲ ਤੇ ਜਿਲਾ ਫਿਰੋਜ਼ਪੁਰ | ਉਸ ਨੇ ਕਿਹਾ ਕਿ ਇੱਕ ਡਿਸਟਿਲਰੀ ਪ੍ਰੋਜੈਕਟ ਪਿੰਡ ਮਨਸੂਰਵਾਲਾ, ਤਹਿਸੀਲ ਜੀਰਾ ਵਿਖੇ ਲੱਗਿਆ ਹੋਇਆ ਹੈ ਅਤੇ ਜਿੱਥੇ ਇੰਡਸਟਰੀ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਅਸਮਰਥ ਰਹੀ ਹੈ । ਉਸ ਨੇ ਅੱਗੇ ਕਿਹਾ ਕਿ ਮਨਸੂਰਵਾਲਾ (ਜੀਰਾ) ਵਿਖੇ ਡਿਸਟਿਲਰੀ ਵਾਲੀ ਸਮੱਸਿਆ ਦਾ ਮਾਮਲਾ ਐਸ.ਡੀ.ਐਮ ਫਿਰੋਜ਼ਪੁਰ, ਜ਼ੋ ਕਿ ਪਬਲਿਕ ਹੀਰਿੰਗ ਦੀ ਦੇਖ-ਰੇਖ ਕਰ ਰਿਹੇ ਹਨ, ਨੂੰ ਪਤਾ ਹੈ । ਉਸ ਨੇ ਅੱਗੇ ਕਿਹਾ ਕਿ ਬੈਲਰ ਮਾਲਕ ਇੱਕ ਏਕੜ ਪਰਾਲੀ ਦੀਆਂ ਗੱਠਾਂ ਬਨਾਉਣ ਲਈ ਕਿਸਾਨਾਂ ਤੋਂ 1500/- ਰੁਪਏ ਮੰਗ ਰਹੇ ਹਨ । ਕਿਸਾਨਾਂ ਤੋਂ ਪਰਾਲੀ ਦੀਆਂ ਗੱਠਾਂ ਬਨਾਉਣ ਅਤੇ ਇਸ ਨੂੰ ਕਿਸਾਨਾਂ ਤੋਂ ਪ੍ਰਾਪਤ ਕਰਨ ਬਦਲੇ ਕੋਈ ਵੀ ਰਕਮ ਨਾ ਲੈਣ ਬਾਰੇ ਉਨ੍ਹਾਂ ਨਾਲ ਇੱਕ ਲਿਖਤੀ ਇਕਰਾਰਨਾਮਾ ਹੋਣਾ | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਕੰਪਨੀ ਕਿਸਾਨਾਂ ਤੋਂ ਪਰਾਲੀ ਦੀਆ ਗੱਠਾਂ ਪ੍ਰਾਪਤ ਕਰਨ ਲਈ ਕੋਈ ਵੀ ਚਾਰਜ ਨਹੀਂ ਕਰੇਗੀ । ਪਰਾਲੀ ਸਭ ਤੋਂ ਪਹਿਲਾਂ ਨੇੜੇ ਦੇ ਇਲਾਕੇ ਤੋਂ ਚੁੱਕੀ ਜਾਵੇਗੀ। ਇਸ ਪ੍ਰੋਜੈਕਟ ਤੋਂ ਕੋਈ ਵੀ ਪਾਣੀ ਦਾ ਪ੍ਰਦੂਸ਼ਣ ਨਹੀਂ ਹੋਵੇਗਾ ਕਿਉਂਕਿ ਇਹ ਪ੍ਰੋਜੈਕਟ ਡਿਸਟਿਲਰੀ ਵਰਗਾ ਨਹੀਂ ਹੈ । ਉਸ ਨੇ ਇਹ ਵੀ ਦੱਸਿਆ ਕਿ ਹੋਰ ਪ੍ਰੋਜੈਕਟਾਂ ਤੋਂ ਪ੍ਰਦੂਸ਼ਣ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਚੈਕ ਕੀਤਾ ਜਾਣ ਹੈ । ਉਸਨੇ ਦੁਹਰਾਇਆ ਕਿ ਬੈਲਰ ਮਸੀਨਾਂ ਨੇੜੇ ਦੇ ਇਲਾਕੇ ਨੂੰ ਤਰਜੀਹ ਦੇ ਤੋਰ ਤੇ ਦਿੱਤੀਆਂ ਜਾਣਗੀਆਂ ਅਤੇ ਇਸ ਸੰਬੰਧ ਵਿੱਚ ਇੱਕ ਸਹੀ ਸਿਸਟਮ ਲਾਗੂ ਕੀਤਾ ਜਾਵੇਗਾ । |

| | | | |
|---|---|---|---|
| | | ਚਾਹੀਦਾ ਹੈ । ਕੰਪਨੀ ਵਲੋਂ ਨੇੜੇ ਦੇ 7 ਪਿੰਡਾਂ ਵਿੱਚ ਕੋਈ ਵੀ ਬੈਲਰ ਮਸੀਨ ਪ੍ਰੋਵਾਈਡ ਨਹੀਂ ਕਰਵਾਈ ਗਈ ਹੈ। ਉਸ ਨੇ ਇਹ ਵੀ ਕਿਹਾ ਕਿ ਜੇ ਕੰਪਨੀ ਵਲੋਂ ਤੁਰੰਤ ਬੈਲਰ ਮੁਹਈਆ ਨਾ ਕਰਵਾਏ ਗਏ ਤਾਂ ਉਹ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਹੋਣਗੇ । ਕੰਪਨੀ ਵਲੋਂ ਬਾਹਰਲੇ ਏਰੀਏ ਤੋਂ ਪਰਾਲੀ ਲਿਆਂਦੀ ਜਾ ਰਹੀ ਹੈ । ਉਸ ਨੇ ਇਹ ਵੀ ਕਿਹਾ ਕਿ ਜਿਹੜੇ ਕਿਸਾਨਾਂ ਨੇ ਆਲੂ ਲਗਾਉਣੇ ਹਨ ਕੰਪਨੀ ਵਲੋ ਉਹਨਾਂ ਨੂੰ ਪਰਾਲੀ ਦੀਆਂ ਗੱਠਾਂ ਬਨਾਉਣ ਲਈ ਬੈਲਰ ਮਸੀਨਾਂ ਦੇਣ ਵਿੱਚ ਤਰਜੀਹ ਦੇਣੀ ਚਾਹੀਦੀ ਹੈ ਅਤੇ ਕਿਸ਼ਾਨਾਂ ਤੋਂ ਪਰਾਲੀ ਦੀਆਂ ਗੱਠਾਂ ਬਨਾਉਣ ਲਈ ਕੋਈ ਵੀ ਰਕਮ ਨਹੀਂ ਲੈਣੀ ਚਾਹੀਦੀ । | |
| 4 | ਸ੍ਰੀ ਰਾਜਵੰਤ ਸਿੰਘ, ਵਾਸੀ ਪਿੰਡ ਹਕੂਮਤ ਸਿੰਘ ਵਾਲਾ, ਤਹਿਸੀਲ ਤੇ ਜਿਲਾ ਫਿਰੋਜ਼ਪੁਰ | ਉਸ ਨੇ ਮੰਗ ਕੀਤੀ ਕਿ ਰੋਜਗਾਰ ਉਹਨਾਂ ਦੇ ਪਿੰਡ ਨੂੰ ਦੇਣਾ ਚਾਹੀਦਾ ਹੈ । | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਰੋਜਗਾਰ ਵਿੱਚ ਨੇੜੇ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਵੇਗੀ । ਉਸ ਨੇ ਅੱਗੇ ਦੱਸਿਆ ਕਿ ਜਿਹੜੇ ਵਿਅਕਤੀ |

| | | | |
|---|---|---|---|
| | | | ਕੰਪਨੀ ਵਿੱਚ ਰੋਜਗਾਰ ਪ੍ਰਾਪਤ ਕਰਨ ਦੇ ਚਾਹਵਾਨ ਹਨ, ਉਹ ਆਪਣਾ ਬਾਇਓ-ਡਾਟਾ ਜਲਦੀ ਤੋਂ ਜਲਦੀ ਉਨ੍ਹਾਂ ਨੂੰ ਭੇਜ਼ ਦੇਣ । ਕੰਪਨੀ ਦੀ ਨੀਤੀ ਅਨੁਸਾਰ ਰੋਜਗਾਰ ਵਿੱਚ ਨੇੜੇ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ । ਉਸ ਨੇ ਅੱਗੇ ਦੱਸਿਆ ਕਿ ਸਿਰਫ ਕੁਆਲੀਫਾਈਡ/ਟੈਕਨੀਕਲ ਵਿਅਕਤੀ ਹੀ ਬਾਹਰੋਂ ਲਏ ਜਾਣਗੇ । |
| 5 | ਸ੍ਰੀ ਬਲਦੇਵ ਸਿੰਘ ਜੀਰਾ, ਪ੍ਰਤੀਨਿਧੀ ਭਾਰਤੀ ਕਿਸ਼ਾਨ ਯੂਨੀਅਨ | ਉਸ ਨੇ ਕਿਹਾ ਕਿ ਪ੍ਰੋਜੈਕਟ ਤੋਂ ਕੋਈ ਵੀ ਸ਼ੋਰ ਅਤੇ ਪਾਣੀ ਪ੍ਰਦੂਸ਼ਣ ਨਹੀਂ ਹੋਣਾ ਚਾਹੀਦਾ । ਜੀਰੇ ਵਿਖੇ ਜ਼ੋ ਡਿਸਟਿਲਰੀ ਲੱਗੀ ਹੋਈ ਹੈ ਉਸ ਦਾ ਪਾਣੀ ਦਾ ਬਹੁਤ ਪ੍ਰਦੂਸ਼ਣ ਹੈ ਅਤੇ ਇੰਡਸਟਰੀ ਆਪਣਾ ਗੰਦਾ ਪਾਣੀ ਧਰਤੀ ਹੇਠਾਂ ਪਾਉਂਦੀ ਹੈ । ਪ੍ਰੋਜੈਕਟ ਪ੍ਰੋਪੋਨੈਂਟ ਜਨਤਕ ਸੁਣਵਾਈ ਸਮੇਂ ਬਹੁਤ ਭਰੋਸਾ ਦਿੰਦੇ ਹਨ ਕਿ ਉਹਨਾਂ ਵਲੋਂ ਜ਼ੋ ਦੱਸਿਆ ਜਾ ਰਿਹਾ ਹੈ ਉਹ ਲਾਗੂ ਕੀਤਾ ਜਾਵੇਗਾ । ਪ੍ਰੋਜੈਕਟ ਪ੍ਰੋਪੋਨੈਂਟ ਹਮੇਸਾਂ ਭਰੋਸਾ ਦਿੰਦੇ ਹਨ ਕਿ ਰੋਜਗਾਰ ਨੇੜੇ ਦੇ ਇਲਾਕੇ ਨੂੰ | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਪ੍ਰੋਜੈਕਟ ਗਰੀਨ ਯੂਨਿਟ ਹੈ ਅਤੇ ਇਹ ਜੀਰੋ ਲਿਕੂਅਡ ਡਿਸਚਾਰਜ (ਜੈਡਐਲਡੀ) ਹੋਵੇਗਾ । ਪਾਣੀ ਦੁਬਾਰਾ ਵਰਤਿਆ ਜਾਵੇਗਾ ਅਤੇ ਗੰਦੇ ਪਾਣੀ ਨੂੰ ਸਾਫ ਕਰਕੇ ਹਰੀ ਪੱਟੀ ਲਈ ਵਰਤਿਆ ਜਾਵੇਗਾ ਜ਼ੋ ਕਿ 8 ਏਕੜ ਤੋਂ ਵੱਧ ਏਰੀਆ ਵਿੱਚ ਪ੍ਰੋਜੈਕਟ ਸਾਈਟ ਦੇ ਅੰਦਰ ਹੀ ਵਿਕਸਿਤ ਕੀਤੀ ਜਾਵੇਗੀ । ਡਿਸਟਿਲਰੀ ਪ੍ਰੋਜੈਕਟ ਪਾਣੀ ਪ੍ਰਦੂਸ਼ਿਤ ਯੂਨਿਟ ਹਨ ਅਤੇ ਇਹ ਪ੍ਰੋਜੈਕਟ ਡਿਸਟਿਲਰੀ ਯੂਨਿਟ ਤੋਂ ਬਿਲਕੁਲ ਵੱਖਰਾ ਹੈ । ਉਸ ਨੇ ਦੁਹਰਾਇਆ ਕਿ |

| | | | |
|---|---|---|---|
| | | ਦਿੱਤਾ ਜਾਵੇਗਾ ਅਤੇ ਉਸ ਤੋਂ ਬਾਅਦ ਬਾਹਰ ਤੋਂ ਸਸਤੀ ਲੇਬਰ ਦਾ ਬਹਾਨਾ ਬਣਾਕੇ ਬਾਹਰਲੀ ਲੇਬਰ ਰੱਖ ਲੈਂਦੇ ਹਨ । ਪੋਲੂਸ਼ਨ ਅਤੇ ਰੋਜਗਾਰ ਨਾਲ ਸੰਬੰਧਿਤ ਮਾਮਲਿਆਂ ਨੂੰ ਲਾਗੂ ਕਰਨ ਸੰਬੰਧੀ ਪ੍ਰੋਜੈਕਟ ਪ੍ਰੋਪੋਨੈਂਟ ਤੋਂ ਲਿਖਤੀ ਲੈਣਾ ਚਾਹੀਦਾ ਹੈ ਤਾਂ ਕਿ ਉਹਨਾਂ ਅਜਿਹਾ ਲਾਗੂ ਨਾ ਕਰਨ ਸਮੇਂ ਦਿਖਾਇਆ ਜਾ ਸਕੇ । ਉਹ ਚਾਹੁੰਦਾ ਹੈ ਕਿ ਪ੍ਰੋਜੈਕਟ ਪ੍ਰੋਪੋਨੈਂਟ ਨੂੰ ਪ੍ਰਦੂਸ਼ਣ ਨੂੰ ਰੋਕਣ ਸੰਬੰਧੀ ਅਤੇ ਇਲਾਕੇ ਦੇ ਲੋਕਾਂ ਨੂੰ ਰੋਜਗਾਰ ਦੇਣ ਸੰਬੰਧੀ ਮਾਮਲੇ ਇੰਨ-ਬਿੰਨ ਲਾਗੂ ਕਰਨੇ ਚਾਹੀਦੇ ਹਨ । | ਰੋਜਗਾਰ ਨੇੜੇ ਦੇ ਇਲਾਕੇ ਨੂੰ ਦਿੱਤਾ ਜਾਵੇਗਾ ਅਤੇ ਕੰਪਨੀ ਹਮੇਸਾਂ ਹੀ ਨੇੜੇ ਦੇ ਇਲਾਕੇ ਦੇ ਲੋਕਾਂ ਨੂੰ ਰੋਜਗਾਰ ਵਿੱਚ ਤਰਜੀਹ ਖਾਸ ਤੋਰ ਤੇ ਦਿੰਦੀ ਹੈ ਅਤੇ ਸਿਰਫ ਕੁਆਲੀਫਾਈਡ/ਟੈਕਨੀਕਲ ਵਿਅਕਤੀ ਹੀ ਬਾਹਰ ਤੋਂ ਰੱਖੇ ਜਾਣਗੇ । |
| 6 | ਸ੍ਰੀ ਚਰਨਜੀਤ ਸਿੰਘ ਮਾਨ, ਚੰਨੂੰ | ਉਸ ਨੇ ਕਿਹਾ ਕਿ ਕੰਪਨੀ ਨੇ ਆਪਣੇ ਚੰਨੂੰ ਪ੍ਰੋਜੈਕਟ ਵਿੱਚ ਨੇੜੇ ਦੇ ਲੋਕਾਂ ਨੂੰ ਰੋਜਗਾਰ ਦਿੱਤਾ ਹੈ । | ਕਿਸੇ ਵੀ ਕੁਮੈਂਟ ਦੀ ਜਰੂਰਤ ਨਹੀਂ । |
| 7 | ਸ੍ਰੀ ਗੁਰਤੇਜ਼ ਸਿੰਘ, ਵਾਸੀ ਜਵਾਹਰ ਸਿੰਘ ਵਾਲਾ, (ਬੈਲਰ ਮਸੀਲ ਮਾਲਕ) | ਉਸ ਨੇ ਕਿਹਾ ਕਿ ਉਹਨਾਂ ਨੂੰ ਟੋਲ-ਪਲਾਜ਼ਾ ਦੀ ਸਮੱਸਿਆ ਹੈ । ਉਸਨੇ ਅੱਗੇ ਕਿਹਾ ਕਿ ਲੇਬਰ ਵਲੋਂ ਪਿਛਲੇ ਦੋ ਦਿਨਾਂ ਤੋਂ ਪਰਾਲੀ ਦੀਆਂ ਗੱਠਾਂ ਟਰਾਲੀਆਂ ਵਿੱਚੋਂ ਨਹੀਂ | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਟੋਲ-ਪਲਾਜ਼ਾ ਦੀ ਸਮੱਸਿਆ ਨੂੰ ਜਲਦੀ ਹੀ ਹੱਲ ਕਰ ਲਿਆ ਜਾਵੇਗਾ । ਟਰਾਲੀਆਂ ਨੂੰ ਖਾਲੀ ਕਰਵਾਉਣ ਲਈ ਸਹੀ ਗਿਣਤੀ ਵਿੱਚ ਲੇਬਰ ਦਾ |

| | | | |
|---|---|---|---|
| | | ਉਤਾਰੀਆਂ ਜਾ ਰਹੀਆਂ । | ਇੰਤਜਾਮ ਜਲਦੀ ਹੀ ਕੀਤਾ ਜਾਵੇਗਾ । |

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀਂ ਮੰਗੀ। ਇਸ ਤੋਂ ਪਿੱਛੋਂ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋਂ ਮੌਜੂਦ ਲੋਕਾਂ ਵਿੱਚੋਂ 60-70 ਪ੍ਰਤੀਸ਼ਤ ਲੋਕਾਂ ਨੇ ਪ੍ਰਸਤਾਵਿਤ ਯੂਨਿਟ ਦੇ ਲੱਗਣ ਦੇ ਹੱਕ ਵਿੱਚ ਹੱਥ ਉਠਾ ਕੇ ਸਹਿਮਤੀ ਪ੍ਰਗਟਾਈ ।

ਇਸ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੇ ਜਨਤਾ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਅੱਜ ਖੁਸੀ ਦਾ ਦਿਨ ਹੈ ਕਿਉਂਕਿ ਇਹ ਪ੍ਰੋਜੈਕਟ ਇਸ ਇਲਾਕੇ ਵਿੱਚ ਲੱਗ ਰਿਹਾ ਹੈ । ਸਰਕਾਰ ਪਰਾਲੀ ਤੋਂ ਹੋਣ ਵਾਲੇ ਪ੍ਰਦੂਸ਼ਣ ਤੋ ਬਹੁਤ ਗੰਭੀਰ ਹੈ । ਪ੍ਰਦੂਸ਼ਣ ਦੀ ਸਮੱਸਿਆ ਕਾਰਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਦੁਸਹਿਰੇ ਦੇ ਮੋਕੇ ਪਟਾਕੇ ਚਲਾਉਣ ਦਾ ਸਮਾਂ ਨਿਸਚਿਤ ਕੀਤਾ ਹੈ । ਇਹ ਬਹੁਤ ਵਧੀਆ ਪ੍ਰੋਜੈਕਟ ਹੈ ਜਿਸ ਨਾਲ ਰੋਜ਼ਗਾਰ ਪੈਦਾ ਹੋਵੇਗਾ ਅਤੇ ਪਰਾਲੀ ਦੇ ਜਲਾਉਣ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਵੀ ਘੱਟ ਕਰਨ ਵਿੱਚ ਮਦਦ ਕਰੇਗਾ । ਬਾਰਡਰ ਜਿਲਾ ਹੋਣ ਕਰਕੇ ਨੋਜਵਾਨਾਂ ਨੂੰ ਰੋਜਗਾਰ ਮਿਲਣ ਕਾਰਨ ਉਹਨਾਂ ਦਾ ਧਿਆਨ ਨਸ਼ੇ ਤੋਂ ਅਲੱਗ ਹੋਵੇਗਾ ਕਿਉਂਕਿ ਬਾਰਡਰ ਜਿਲਾ ਹੋਣ ਕਾਰਨ ਇੱਥੇ ਨਸ਼ਾ ਜਿਆਦਾ ਹੈ ਅਤੇ ਇਸ ਇੰਡਸਟਰੀ ਲੱਗਣ ਨਾਲ ਹੋਰ ਵੀ ਸਹਾਇਕ ਇੰਡਸਟਰੀਆਂ ਇਲਾਕੇ ਵਿੱਚ ਲੱਗਣਗੀਆਂ । ਉਹ ਜਾਨਣਾ ਚਾਹੁੰਦਾ ਹੈ ਕਿ ਪ੍ਰੋਜੈਕਟ ਪ੍ਰੋਪੋਨੈਂਟ ਵਲੋ ਕਣਕ ਦਾ ਨਾੜ ਵੀ ਇਸ ਪ੍ਰੋਜੈਕਟ ਲਈ ਵਰਤਿਆ ਜਾਵੇਗਾ ਕਿਉਂਕਿ ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ ਵੀ ਪ੍ਰਦੂਸ਼ਣ ਹੁੰਦਾ ਹੈ । ਇੰਡਸਟਰੀ ਵਲੋਂ ਕਿਸਾਨਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ ਅਤੇ ਸਹੀ ਮਾਤਰਾ ਵਿੱਚ ਬੈਲਰ ਮਸੀਨਾਂ ਪ੍ਰੋਵਾਈਡ ਕਰਵਾਉਣੀਆਂ ਚਾਹੀਦੀਆਂ ਹਨ । ਕੰਪਨੀ ਵਲੋਂ ਆਪਣੀਆਂ ਬੈਲਰ ਮਸੀਨਾਂ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਬਿਨਾਂ ਕਿਸੇ ਚਾਰਜ ਤੋਂ ਕਿਸਾਨਾਂ ਨੂੰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਕਿਸਾਨਾਂ ਵਲੋਂ ਉਠਾਏ ਗਏ ਮਸਲੇ ਹੱਲ ਹੋ ਸਕਣ । ਕੰਪਨੀ ਨੂੰ ਆਪ ਹੀ ਪਰਾਲੀ ਇਕੱਠੀ ਕਰਨੀ ਚਾਹੀਦੀ ਹੈ । ਜਦੋਂ ਉਹ ਪਟਿਆਲਾ ਵਿਖ਼ੇ ਤੈਨਾਤ ਸੀ ਤਾਂ ਉਥੇ ਵੀ ਇੱਕ ਅਜਿਹਾ ਯੂਨਿਟ ਸੀ ਜਿਥੇ ਅੱਗ ਦੀ ਦੁਰਘਟਨਾ ਵਾਪਰ ਗਈ ਸੀ । ਕੰਪਨੀ ਨੂੰ ਫਿਊਲ ਅਬਾਦੀ ਅਤੇ ਇੰਡਸਟਰੀ ਤੋਂ ਦੂਰ ਸਟੋਰ ਕਰਨਾ ਚਾਹੀਦਾ ਹੈ ਅਤੇ ਸਹੀ ਅੱਗ ਬੁਝਾਊ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਜ਼ੋ ਕਿਸੇ ਵੀ ਮਾੜੀ ਦੁਰਘਟਨਾ ਨੂੰ ਰੋਕਿਆ ਜਾ ਸਕੇ । ਇਹ ਪ੍ਰੋਜੈਕਟ ਬਹੁਤ ਵਧੀਆ ਹੈ ਜਿਸ ਨਾਲ ਨਾ ਸਿਰਫ ਵਾਤਾਵਰਣ ਹੀ ਸਾਫ ਹੋਵੇਗਾ ਬਲਕਿ ਇਲਾਕੇ ਦੇ ਲੋਕਾਂ ਨੂੰ ਹੋਰ ਫਾਇਦੇ ਹੋਣਗੇ । ਉਹ ਚਾਹੁੰਦਾ ਹੈ ਕਿ ਇਹ ਪ੍ਰੋਜੈਕਟ ਜਲਦੀ ਤੋਂ ਜਲਦੀ ਪੂਰਾ ਹੋਵੇ ਅਤੇ ਲੋਕਾਂ ਵਲੋਂ ਉਠਾਏ ਗਏ ਮਸਲਿਆਂ ਨੂੰ ਕੰਪਨੀ ਵਲੋਂ ਹੱਲ ਕਰਦੇ ਹੋਏ ਲਾਗੂ ਕਰਨਾ ਚਾਹੀਦਾ ਹੈ ।

ਵਧੀਕ ਡਿਪਟੀ ਕਮਿਸਨਰ, ਫਿਰੋਜ਼ਪੁਰ ਵਲੋਂ ਕਣਕ ਦੀ ਨਾੜ ਨੂੰ ਪ੍ਰੋਜੈਕਟ ਵਿੱਚ ਬਤੋਰ ਬਾਲਣ (ਜਿਵੇਂ ਕਿ ਪਰਾਲੀ ਵਰਤੀ ਜਾਵੇਗੀ) ਵਜੋਂ ਪੁੱਛੇ ਗਏ ਪ੍ਰਸ਼ਨ ਦੇ ਜਵਾਬ ਵਿੱਚ ਪ੍ਰੋਜੈਕਟ ਦੇ ਪ੍ਰਤੀਨਿਧੀ ਨੇ ਦੱਸਿਆ ਕਿ

ਕਣਕ ਦੀ ਨਾੜ ਸੀਜ਼ਨ ਸਮੇਂ ਇਲਾਕੇ ਵਿੱਚ ਸੋਖੀ ਨਹੀਂ ਕਿਉਂਕਿ ਇਸ ਨੂੰ ਦੁਧਾਰੂ ਅਤੇ ਹੋਰ ਪਸ਼ੂਆਂ ਦੇ ਚਾਰੇ ਵਜੋਂ ਵਰਤਿਆ ਜਾਂਦਾ ਹੈ ।

ਇਸ ਤੋਂ ਬਾਅਦ ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਵਧੀਕ ਡਿਪਟੀ ਕਮਿਸਨਰ ਵਲੋਂ ਦੱਸੇ ਗਏ ਸਾਰੇ ਸੁਝਾਆਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ।

ਇਸ ਪਬਲਿਕ ਹੀਰਿੰਗ ਵਿੱਚ 104 ਵਿਅਕਤੀਆਂ ਨੇ ਹਿੱਸਾ ਲਿਆ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| **(ਪਰਵੀਨ ਕੁਮਾਰ ਸਲੂਜਾ)**<br>**ਵਾਤਾਵਰਣ ਇੰਜੀਨੀਅਰ (ਮੈਗਾ)**<br>**ਪੀਪੀਸੀਬੀ, ਮੁੱਖ ਦਫਤਰ,**<br>**ਪਟਿਆਲਾ** | **(ਪ੍ਰਦੀਪ ਬਾਲੂ)**<br>**ਵਾਤਾਵਰਣ ਇੰਜੀਨੀਅਰ**<br>**ਪੀਪੀਸੀਬੀ, ਖੇਤਰੀ ਦਫਤਰ,**<br>**ਫਰੀਦਕੋਟ** | **(ਗੁਰਮੀਤ ਸਿੰਘ ਮੁਲਤਾਨੀ) ਪੀ.ਸੀ.ਐਸ.**<br>**ਅਡੀਸ਼ਨਲ ਡਿਪਟੀ ਕਮਿਸ਼ਨਰ (ਜਨ),**<br>**ਫਿਰੋਜ਼ਪੁਰ** |